**Read this Essay be prepared to answer questions and make sentences from given words.**

## 32. ਦੀਵਾਲੀ

ਦੀਵਾਲੀ ਅਸਲ ਵਿਚ ਰੌਸ਼ਨੀ ਦਾ ਤਿਉਹਾਰ ਹੈ। ਇਹ ਭਾਰਤ ਦਾ ਇਕ ਬਹੁਤ ਪ੍ਰਸਿੱਧ ਤਿਉਹਾਰ ਹੈ। ਇਹ ਦੁਸਹਿਰੇ ਤੋਂ ਵੀਹ ਦਿਨ ਮਗਰੋਂ ਮਨਾਈ ਜਾਂਦੀ ਹੈ। ਬੁੱਢੇ, ਬੱਚੇ ਤੇ ਔਰਤਾਂ ਸਭ ਚਾਅ ਨਾਲ ਇਸ ਦਿਨ ਦੀ ਉਡੀਕ ਕਰਦੇ ਹਨ। ਬੱਚੇ ਨਵੇਂ ਕੱਪੜੇ ਪਾਉਂਦੇ ਹਨ ਤੇ ਖਿਡੌਣੇ ਲੈ ਕੇ ਬਹੁਤ ਖ਼ੁਸ਼ ਹੁੰਦੇ ਹਨ।

ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲ ਦੇ ਬਨਵਾਸ ਮਗਰੋਂ ਅਯੁੱਧਿਆ ਵਿਚ ਵਾਪਸ ਆਏ ਸਨ। ਲੰਕਾ ਦੇ ਰਾਜੇ ਰਾਵਣ ਉੱਤੇ ਜਿੱਤ ਪ੍ਰਾਪਤ ਕਰਨ ਦੇ ਸੰਬੰਧ ਵਿਚ ਸਾਰੇ ਅਯੁੱਧਿਆ ਵਾਸੀਆਂ ਨੇ ਆਪਣੇ ਘਰਾਂ ਦੀਆਂ ਛੱਤਾਂ 'ਤੇ ਦੀਵੇ ਜਗਾ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।



ਸਿੱਖਾਂ ਵਿਚ ਵੀ ਇਸ ਦਿਨ ਦੀ ਬੜੀ ਮਹਾਨਤਾ ਹੈ। ਗੁਰੂ ਹਰਿ ਗੋਬਿੰਦ ਜੀ, ਸਿੱਖਾਂ ਦੇ ਛੇਵੇਂ ਗੁਰੂ, ਇਸੇ ਦਿਨ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਅੰਮ੍ਰਿਤਸਰ ਪੁੱਜੇ ਸਨ। ਉਦੋਂ ਤੋਂ ਦੀਪ ਮਾਲਾ ਕਰਕੇ ਖ਼ੁਸ਼ੀ ਮਨਾਈ ਜਾਂਦੀ ਹੈ।

ਇਸ ਦਿਨ ਮਕਾਨਾਂ ਤੇ ਦੁਕਾਨਾਂ ਸਭ ਦੀ ਸਜਾਵਟ ਵੇਖਣ ਵਾਲੀ ਹੁੰਦੀ ਹੈ। ਹਲਵਾਈਆਂ ਨੇ ਦੁਕਾਨਾਂ 'ਤੇ ਮਠਿਆਈਆਂ ਦੇ ਮੁਨਾਰੇ ਬਣਾਏ ਹੁੰਦੇ ਹਨ। ਬੱਚੇ ਭੁਕਾਨੇ, ਪਟਾਖੇ ਤੇ ਖਿਡੌਣੇ ਲੈ ਕੇ ਪ੍ਰਸੰਨਤਾ ਨਾਲ ਟਪੂਸੀਆਂ ਮਾਰਦੇ ਹਨ।

ਕਈ ਲੋਕ ਇਸ ਦਿਨ ਲਕਸ਼ਮੀ ਦੇਵੀ ਦੀ ਪੂਜਾ ਕਰਦੇ ਹਨ। ਘਰਾਂ ਤੇ ਦੁਕਾਨਾਂ 'ਤੇ ਮੋਮਬੱਤੀਆਂ ਤੇ ਬਿਜਲੀ ਦੇ ਬੱਲਬਾਂ ਨਾਲ ਰੌਸ਼ਨੀ ਕਰਦੇ ਹਨ। ਸਾਰੀ ਰਾਤ ਦੀ ਰੌਸ਼ਨੀ ਰਾਤ ਨੂੰ ਦਿਨ ਵਿਚ ਬਦਲ ਦਿੰਦੀ ਹੈ।

ਇਸ ਦਿਨ ਫਲ ਤੇ ਮਠਿਆਈਆਂ ਰਿਸ਼ਤੇਦਾਰਾਂ ਤੇ ਮਿੱਤਰਾਂ ਦੇ ਘਰਾਂ ਵਿਚ ਭੇਜੀਆਂ ਜਾਂਦੀਆਂ ਹਨ ਪਰ ਕਈ ਮੂਰਖ ਇਸ ਦਿਨ ਜੂਆ ਖੇਡਦੇ ਹਨ। ਇਹ ਠੀਕ ਨਹੀਂ।

ਪੰਜਾਬ ਵਿਚ ਅੰਮ੍ਰਿਤਸਰ ਦੀ ਦੀਵਾਲੀ ਬਹੁਤ ਮਸ਼ਹੂਰ ਹੈ।

Gurubani and virsa homework

History questions : 176-185

Read Amritsar Sakhi – write summary , answer questions.

Recite – JAPJI SAHIB JI

Students – Please ready one paragraph daily .

Read SACHA SAUDA – SAKHI -
Write a summary in your own words

# ਸੱਚਾ ਸੌਦਾ

ਗੁਰੂ ਨਾਨਕ ਦੇਵ ਜਦੋਂ ਅਠਾਰਾਂ ਵਰ੍ਹਿਆਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਨੇ ਸੋਚਿਆ ਕਿ ਪੁੱਤਰ ਨੂੰ ਸੌਦਾਗਰੀ ਦੇ ਕੰਮ-ਕਾਰ ਵਿਚ ਪਾਇਆ ਜਾਵੇ, ਜਿਸ ਵਿਚ ਪੈਸੇ ਵੀ ਚੰਗੇ ਬਚ ਜਾਇਆ ਕਰਨਗੇ ਅਤੇ ਪੁੱਤਰ ਦਾ ਮਨ, ਗਾਹਕਾਂ ਦੇ ਨਾਲ ਲੈਣ-ਦੇਣ ਦੀਆਂ ਗੱਲਾਂ-ਬਾਤਾਂ ਕਰ ਕੇ ਸਾਰਾ ਦਿਨ ਖ਼ੁਸ਼ ਰਹੇਗਾ। ਇਹ ਸੋਚ, ਚੰਗਾ ਸ਼ੁਭ ਦਿਨ ਦੇਖ ਕੇ ਉਨ੍ਹਾਂ ਨੇ ਭਾਈ ਬਾਲੇ ਨੂੰ ਬੁਲਾ ਲਿਆ। ਭਾਈ ਬਾਲੇ ਨੂੰ ਵੀਹ ਰੁਪਏ ਦੇ ਕੇ ਕਿਹਾ, "ਤੁਸੀਂ ਦੋਵੇਂ ਜਾਉ। ਕੋਈ ਸੱਚਾ ਸੌਦਾ ਖ਼ਰੀਦ ਕੇ ਲੈ ਆਵੋ, ਜਿਸ ਨੂੰ ਵੇਚਣ ਨਾਲ ਆਪਾਂ ਨੂੰ ਕਾਫ਼ੀ ਬੱਚਤ ਹੋਵੇ। ਇਸ ਤਰ੍ਹਾਂ ਜੇ ਤੁਸੀਂ ਵਾਧੇ ਵਾਲਾ ਸੌਦਾ ਕੀਤਾ ਤਾਂ ਮੈਂ ਤੁਹਾਨੂੰ ਅੱਗੇ ਤੋਂ ਵੱਧ ਪੈਸੇ ਦੇ ਕੇ ਹੋਰ ਸੌਦਾ ਖ਼ਰੀਦਣ ਭੇਜਾਂਗਾ।"

ਗੁਰੂ ਜੀ ਅਤੇ ਭਾਈ ਬਾਲਾ ਤਲਵੰਡੀ ਤੋਂ ਚੂਹੜਕਾਣੇ ਵੱਲ ਨੂੰ ਖਰਾ ਸੌਦਾ ਕਰਨ ਲਈ ਚਲ ਪਏ। ਪਿੰਡ ਤੋਂ ਕੋਈ ਦਸ ਬਾਰਾਂ ਮੀਲ ਹੀ ਗਏ ਸਨ ਕਿ ਉਨ੍ਹਾਂ ਨੇ ਜੰਗਲ ਵਿਚ ਇੱਕ ਸਾਧਾਂ ਦੀ ਟੋਲੀ ਬੈਠੀ ਦੇਖੀ। ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਪਿਤਾ ਜੀ ਨੇ ਆਪਾਂ ਨੂੰ ਕੋਈ ਸੱਚਾ ਸੌਦਾ ਕਰਨ ਲਈ ਕਿਹਾ ਹੈ। ਇਨ੍ਹਾਂ ਨੰਗੇ ਭੁੱਖੇ ਸਾਧਾਂ ਨੂੰ ਕੱਪੜੇ ਅਤੇ ਭੋਜਨ ਦੇਣ ਨਾਲੋਂ ਹੋਰ ਕਿਹੜਾ ਸੱਚਾ ਸੌਦਾ ਹੋ ਸਕਦਾ ਹੈ। ਮੈਂ ਇਹ ਸੌਦਾ ਨਹੀਂ ਛੱਡ ਸਕਦਾ। ਇਸ ਤਰ੍ਹਾਂ ਦੇ ਸੱਚੇ ਸੌਦੇ ਕਰਨ ਦਾ ਮੌਕਾ ਕਦੇ-ਕਦਾਈਂ ਹੱਥ ਆਉਂਦਾ ਹੈ।" ਗੁਰੂ ਜੀ ਨੇ ਭਾਈ ਬਾਲੇ ਪਾਸੋਂ ਸਾਰੇ ਪੈਸੇ ਲੈ ਕੇ ਸਾਧਾਂ ਦੇ ਆਗੂ ਅੱਗੇ ਰਖਦਿਆਂ ਕਿਹਾ, "ਮੈਂ ਆਪਦੀ ਸੇਵਾ ਵਿਚ ਇਹ ਭੇਟ ਕਰ ਰਿਹਾ ਹਾਂ।"

ਸਾਧਾਂ ਦੇ ਆਗੂ ਨੇ ਕਿਹਾ, "ਬੇਟਾ, ਇਹ ਪੈਸੇ ਸਾਡੇ ਕਿਸੇ ਕੰਮ ਨਹੀਂ। ਅਸੀਂ ਬਸਤੀਆਂ ਵਿਚ ਨਹੀਂ ਜਾਂਦੇ। ਅਸੀਂ ਜੰਗਲ ਵਿਚ ਹੀ ਰਹਿੰਦੇ ਹਾਂ। ਜੇ ਤੁਸੀਂ ਇਨ੍ਹਾਂ ਪੈਸਿਆਂ ਦਾ ਭੋਜਨ ਤਿਆਰ ਕਰਵਾ ਦੇਵੋ ਤਾਂ ਅਸੀਂ ਸਵੀਕਾਰ ਕਰ ਲਵਾਂਗੇ।" ਗੁਰੂ ਜੀ ਅਤੇ ਭਾਈ ਬਾਲਾ ਨੇੜੇ ਦੇ ਪਿੰਡ ਵਿਚ ਗਏ। ਉਨ੍ਹਾਂ ਪੈਸਿਆਂ ਦਾ ਭੋਜਨ ਤਿਆਰ ਕਰਵਾ ਕੇ ਲੈ ਆਏ। ਉਹ ਭੋਜਨ ਉਨ੍ਹਾਂ ਸਾਰੇ ਸਾਧਾਂ ਨੂੰ ਵਰਤਾ ਦਿੱਤਾ। ਜਿਹੜੇ ਪੈਸੇ ਬਚ ਗਏ ਉਨ੍ਹਾਂ ਦੇ ਕੱਪੜੇ ਲੈ ਕੇ ਨੰਗੇ ਸਾਧਾਂ ਨੂੰ ਦੇ ਦਿੱਤੇ। ਸਾਧਾਂ ਦੇ ਆਗੂ ਪਾਸੋਂ ਆਗਿਆ ਲੈ ਕੇ, ਖ਼ਾਲੀ ਹੱਥ, ਦੋਵੇਂ ਤਲਵੰਡੀ ਨੂੰ ਵਾਪਸ ਮੁੜ ਆਏ।

ਉਹ ਦੋਵੇਂ ਜਦੋਂ ਪਿੰਡ ਤਲਵੰਡੀ ਦੇ ਨੇੜੇ ਪੁੱਜੇ ਤਾਂ ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਭਾਈ ਬਾਲਿਆ, ਤੂੰ ਇਕੱਲਾ ਹੀ ਪਿੰਡ ਨੂੰ ਚਲਿਆ ਜਾ। ਮੈਂ ਇਸ ਖੂਹ ਉੱਪਰ ਬੈਠਾਂਗਾ।" ਭਾਈ ਬਾਲੇ ਨੇ ਪਿੰਡ ਜਾ ਕੇ ਸਾਰੀ ਕਹਾਣੀ ਮਹਿਤਾ ਕਾਲੂ ਨੂੰ ਦੱਸ ਦਿੱਤੀ। ਇਹ ਵੀ ਦੱਸ ਦਿੱਤਾ ਕਿ ਗੁਰੂ ਜੀ ਕਿੱਥੇ ਬੈਠੇ ਸਨ। ਮਹਿਤਾ ਕਾਲੂ ਨੂੰ ਗੁਰੂ ਜੀ ਦੇ ਇਸ ਤਰ੍ਹਾਂ ਸਾਧਾਂ ਨੂੰ ਪੈਸੇ ਲੁਟਾਉਣ ਉੱਪਰ ਬਹੁਤ ਗ਼ੁੱਸਾ ਆਇਆ। ਉਨ੍ਹਾਂ ਨੇ ਸਾਰੇ ਕੰਮ ਛੱਡ ਕੇ ਭਾਈ ਬਾਲੇ ਨੂੰ ਨਾਲ ਲਿਆ ਅਤੇ ਖੂਹ ਵੱਲ ਤੁਰ ਪਏ। ਖੂਹ ਉੱਪਰ ਪੁੱਜ ਕੇ ਉਨ੍ਹਾਂ ਗੁਰੂ ਜੀ ਨੂੰ ਫੜ ਕੇ ਦੋ ਚਾਰ ਚਪੇੜਾਂ ਟਿਕਾ ਦਿੱਤੀਆਂ। ਭਾਈ ਬਾਲਾ ਉਸ ਵੇਲੇ ਵੀ ਕਹਿ ਰਿਹਾ ਸੀ, "ਮਹਿਤਾ ਜੀ, ਤੁਸੀਂ ਸਾਨੂੰ ਤੁਰਨ ਲੱਗਿਆਂ ਨੂੰ ਕਿਹਾ ਸੀ ਕਿ ਕੋਈ ਸੱਚਾ ਸੌਦਾ ਕਰ ਕੇ ਆਉਣਾ। ਤੁਸੀਂ ਭਾਵੇਂ ਮੰਨੋ ਜਾਂ ਨਾ ਮੰਨੋ, ਗੁਰੂ ਜੀ ਨੇ ਸੱਚਾ ਸੌਦਾ ਹੀ ਕੀਤਾ ਹੈ।" ਮਹਿਤਾ ਕਾਲੂ ਲਈ ਧਨ ਇਕੱਠਾ ਕਰਨਾ ਹੀ ਸੱਚਾ ਸੌਦਾ ਸੀ, ਕਿਉਂਕਿ ਇਸ ਦੁਨੀਆਂ ਵਿਚ ਧਨੀ ਹੀ ਖ਼ਾਨਦਾਨੀ ਹੈ, ਧਨੀ ਅਕਲਾਂ ਵਾਲਾ ਹੈ, ਧਨੀ ਹੀ ਸ਼ਰੀਫ਼, ਈਮਾਨਦਾਰ, ਧਰਮੀ ਅਤੇ ਦਾਨੀ ਹੈ। ਧਨ ਭਾਵੇਂ ਉਸ ਨੇ ਕਿਸੇ ਵੀ ਢੰਗ ਨਾਲ ਇਕੱਠਾ ਕੀਤਾ ਹੋਵੇ। ਉਸ ਧਨ ਦੀ ਵਿਚਾਰ ਸਿਰਫ਼ ਸੱਚਾ ਸੌਦਾ ਕਰਨ ਵਾਲੇ ਕਰਦੇ ਹਨ।